# ਇਖ਼ਤਿਆਰੀ ਬੀਮਾ

*ਵਰਕਪਲੇਸ ਸੇਫਟੀ ਐਂਡ ਇੰਸ਼ੋਰੈਂਸ ਐਕਟ* (ਐਕਟ) ਉਹਨਾਂ ਲੋਕਾਂ ਲਈ ਜੋ ਕਾਨੂਨ ਵਲੋਂ ਸਵੈ-ਸ਼ਾਮਿਲ ਨਹੀਂ ਹਨ ਲਈ ਕੰਮ ਦੀ ਜਗ੍ਹਾ ਲਈ ਇਖਤਿਆਰੀ ਬੀਮਾ ਕਵਰੇਜ਼ ਪੇਸ਼ ਕਰਦਾ ਹੈ । ਇਹ ਤੱਥ ਪਤੱਰ ਇਖਤਿਆਰੀ ਬੀਮੇ ਲਈ ਕੌਣ ਅਰਜ਼ੀ ਦੇ ਸਕਦਾ ਹੈ, ਉਹਨਾਂ ਨੂੰ ਕੀ ਮਿਲਦਾ ਹੈ ਅਤੇ ਕਵਰੇਜ਼ ਲਈ ਕਿਸ ਤਰ੍ਹਾਂ ਬੇਨਤੀ ਕੀਤੀ ਜਾ ਸਕਦੀ ਹੈ ਬਾਰੇ ਵਿਆਖਿਆ ਦਿੰਦਾ ਹੈ । ਇਖਤਿਆਰੀ ਕਵਰੇਜ਼ ਨੂੰ ਪਹਿਲਾਂ ਜਾਤੀ ਕਵਰੇਜ਼ ਕਿਹਾ ਜਾਂਦਾ ਸੀ ।

## ਇਖਤਿਆਰੀ ਬੀਮੇ ਦੀ ਲੋੜ ਕਿਸ ਨੂੰ ਹੋ ਸਕਦੀ ਹੈ ?

ਇਕੱਲੇ ਮਾਲਕ, ਭਾਈਵਾਲ, ਸੁਤੰਤਰ ਚਾਲਕ, ਅਤੇ ਕਾਰਜਕਾਰੀ ਅਫ਼ਸਰ ਆਪ ਮੁਹਾਰੇ *ਐਕਟ* ਅਧੀਨ ਕਵਰ ਨਹੀਂ ਹੁੰਦੇ, ਪਰ ਇਖਤਿਆਰੀ ਬੀਮੇ ਲਈ ਅਰਜ਼ੀ ਦੇ ਸਕਦੇ ਹਨ । ਇਖਤਿਆਰੀ ਬੀਮੇ ਦੇ ਕਾਬਲ ਹੋਣ ਲਈ ਸਪਾਊਸ ਜਾਂ ਹੋਰ ਪਰਿਵਾਰ ਦੇ ਮੈਂਬਰ ਦਾ, ਤਨਖਾਹੀਆ ਹਿੱਸੇਦਾਰ ਜਾਂ ਕਾਰਜਕਾਰੀ ਅਫ਼-ਸਰ, ਜੋ ਹਿਸਾਬ-ਕਿਤਾਬ ਦੀ ਪੜਤਾਲ ਤੋਂ ਸਾਬਤ ਹੋ ਸਕੇ, ਹੋਣਾ ਜ਼ਰੂਰੀ ਹੈ ।

ਕੋਈ ਵੀ ਵਿਅਕਤੀ ਜਿਸ ਕੋਲ ਇਖਤਿਆਰੀ ਬੀਮਾ ਹੈ *ਐਕਟ* ਅਧੀਨ ਉਸ ਨੂੰ ਕਾਮਾ ਸਮਝਿਆ ਜਾਂਦਾ ਹੈ । ਹੋਰ ਕਾਮਿਆਂ ਦੀ ਤਰ੍ਹਾਂ ਜੋ ਕਵਰ ਹਨ, ਜੇਕਰ ਉਹ ਆਪਣੇ ਕੰਮ ਦੀ ਜਗ੍ਹਾ ਦੇ ਸਿੱਟੇ ਵਜੋਂ ਜ਼ਖਮੀ ਜਾਂ ਬੀਮਾਰ ਹੁੰਦੇ ਹਨ, ਉਹ ਮਾਲਕਾਂ ਵਿਰੁੱਧ ਹਰਜਾਨੇ ਲਈ ਮੁਕੱਦਮਾਂ ਕਰਨ ਦਾ ਹੱਕ ਗੁਆ ਬੈਠਦੇ ਹਨ । ਕਾਨੂੰਨੀਂ ਅਦਾਲਤਾਂ ਵੱਲੋਂ ਮਿਲ ਸਕਣ ਵਾਲੇ ਕਿਸੇ ਵੀ ਹਰਜਾਨੇ ਦੀ ਬਜਾਏ ਕੰਮ ਦੇ ਸਥਾਨ ਤੇ ਮਿਲਣ ਵਾਲੇ ਬੀਮਾ ਲਾਭ ਹੋਣਗੇ ।

## ਇਖਤਿਆਰੀ ਬੀਮੇ ਦੀ ਅਰਜ਼ੀ ਦੇਣ ਲਈ ਕਿਸ ਚੀਜ਼ ਦੀ ਲੋੜ ਹੈ ?

ਇਖਤਿਆਰੀ ਬੀਮੇ ਦੀ ਕਵਰੇਜ਼ ਲੈਣ ਲਈ ਤੁਹਾਨੂੰ ਇਕ *ਇਖਤਿਆਰੀ ਬੀਮਾ ਬੇਨਤੀ/ਤਬਦੀਲੀ ਫਾਰਮ (1574 A)* ਭਰਨਾ ਪਵੇਗਾ । ਤੁਸੀ ਬੀਮੇ ਦੀ ਕਵਰੇਜ਼ ਦੀ ਰਕਮ ਜੋ ਤੁਹਾਡੀ ਸਲਾਨਾਂ ਆਮਦਨ ਦੀ ਸਹੀ ਪ੍ਰਤੀਕ ਹੋਵੇ ਬਾਰੇ ਜ਼ਰੂਰ ਬੇਨਤੀ ਕਰੋ -ਜੋ ਵਰਕਪਲੇਸ ਸੇਫਟੀ ਅਤੇ ਇੰਸ਼ੋਰੈਂਸ ਬੋਰਡ (WSIB) ਦੀਆਂ ਉਸ ਸਾਲ ਦੀਆਂ ਲਗਾਈਆਂ ਆਮਦਨ ਸੀਮਾਵਾਂ ਦੇ ਅੰਦਰ ਅੰਦਰ ਹੋਵੇ । ਕਵਰੇਜ਼ ਦਾ ਸਮਾਂ ਘੱਟੋ ਘੱਟ ਤਿੰਨ ਮਹੀਨੇ ਹੈ ।

ਆਪਣੀ ਬੇਨਤੀ ਨਾਲ ਤੁਹਾਨੂੰ ਆਪਣੀ ਕਮਾਈ ਦੇ ਸਬੂਤ ਵੀ ਦੇਣੇ ਵੀ ਜ਼ਰੂਰੀ ਹਨ ( ਜਿਵੇਂ ਕਿ T4 ਸਲਿੱਪਾਂ, T1, ਜਾਂ ਹੋਰ ਰਿਕਾਰਡ ) । ਜੇਕਰ ਤੁਸੀ ਇਕੱਲੇ ਮਾਲਕ, ਸੁਤੰਤਰ ਚਾਲਕ ਜਾਂ ਭਾਈਵਾਲ ਹੋ ਜੋ ਇਕ ਸਾਲ ਤੋਂ ਘੱਟ ਵਿਉਪਾਰ ਵਿਚ ਹੈ, ਕਵਰੇਜ਼ ਦੀ ਮੁਢਲੀ ਰਕਮ ਸਾਲਾਨਾ ਅਧਿਕਤਮ ਬੀਮਾਯੁਕਤ ਆਮਦਨ ਦਾ ਇਕ ਤਿਹਾਈ (1/3) ਤੈਅ ਕੀਤਾ ਗਿਆ ਹੈ । ਇਕ ਵਾਰ ਤੁਹਾਨੂੰ ਵਿਉਪਾਰ ਵਿਚ ਪੂਰਾ ਇਕ ਸਾਲ ਹੋ ਜਾਂਦਾ ਹੈ ਤੁਸੀਂ ਆਪਣੀ ਅਸਲ ਆਮਦਨੀ ਦੀ ਪ੍ਰਤੀਕ ਲਈ ਇਸ ਰਕਮ ਨੂੰ ਜ਼ਰੂਰ ਮੇਲੋ ।

ਮਾਲਕ ਜਾਂ ਅਧਿਕਾਰਤ ਅਫ਼ਸਰ ਜੋ ਲੇਖੇ ਦਾ ਜ਼ਿੰਮੇਵਾਰ ਹੈ (ਇਹ ਤੁਸੀਂ ਜਾਂ ਤੁਹਾਡੀ ਕੰਪਨੀ ਵਿਚੋਂ ਕੋਈ ਹੋਰ ਵੀ ਹੋ ਸਕਦਾ ਹੈ) ਲਈ ਅਰਜ਼ੀ ਤੇ ਦਸਤਖ਼ਤ ਕਰਨੇ ਜ਼ਰੂਰੀ ਹਨ । ਤੁਹਾਡੀ ਕੰਮ ਦੇ ਸਥਾਨ ਤੇ ਬੀਮਾਂ ਕਵਰੇਜ਼ ਉਸ ਮਿਤੀ ਤੋਂ ਪ੍ਰਭਾਵਤ ਹੁੰਦੀ ਹੈ ਜਦ ਤੁਹਾਡੇ ਠੀਕ ਤਰ੍ਹਾਂ ਪੂਰੇ ਕੀਤੇ ਫਾਰਮ (ਕਮਾਈ ਦੇ ਲੋੜੀਂ ਦੇ ਸਬੂਤਾਂ ਸਮੇਤ ) WSIB ਨੂੰ ਮਿਲ ਜਾਂਦੇ ਹਨ ।

ਜਦ ਕਵਰੇਜ਼ ਦੀ ਰਕਮ ਤੁਹਾਡੀ ਸਲਾਨਾਂ ਆਮਦਨ ਦੀ ਪ੍ਰਤੀਕ ਨਹੀਂ ਰਹਿੰਦੀ ਤਾਂ ਇਹ ਤੁਹਾਡੀ ਜ਼ਿੰਮੇਵਾਰੀ ਹੈ ਕੇ WSIB ਨੂੰ ਜਾਣੂ ਕਰਵਾਓ । ਇਹ ਸਾਲ ਦੇ ਦੌਰਾਨ ਕਿਸੇ ਵੀ ਸਮੇਂ ਫਾਰਮ 1574A ਭਰਕੇ ਕੀਤਾ ਜਾ ਸਕਦਾ ਹੈ । ਇਹ ਫ਼ਾਰਮ ਲੈਣ ਲਈ ਗ੍ਰਾਹਕ ਸੇਵਾ ਨੁਮਾਇੰਦੇ ਨਾਲ ਸੰਪਰਕ ਕਰੋ ਜਾਂ ਸਾਡੀ ਵੈਬ-ਸਾਈਟ www.wsib.on.ca ਦਾ ਨਿਰੀਖਣ ਕਰੋ ।

ਜਦ ਤੁਸੀਂ ਬੀਮਾਂ ਕਵਰੇਜ਼ ਦੀ ਰਕਮ ਵਿਚ ਤਬਦੀਲੀ ਕਰੋਗੇ ਤਾਂ ਤੁਹਾਨੂੰ ਕਮਾਈ ਦੇ ਸਬੂਤ ਸੰਬੰਧੀ ਜਾਣਕਾਰੀ ਮੁੜ ਦੇਣੀ ਪਵੇਗੀ । ਜੇਕਰ ਦਾਅਵਾ ਦਾਇਰ ਹੁੰਦਾ ਹੈ ਤਾਂ ਤੁਹਾਡੀ ਅਸਲ ਕਮਾਈ ਬਾਰੇ ਛਾਣਬੀਣ ਕੀਤੀ ਜਾਵੇਗੀ ।

## ਕਿਹੜੇ ਲਾਭ ਮੌਜੂਦ ਹਨ ?

ਜੇਕਰ ਇਖਤਿਆਰੀ ਬੀਮੇ ਵਾਲਾ ਕੋਈ ਵਿਅਕਤੀ ਕੰਮ ਤੇ ਜ਼ਖਮੀ ਜਾਂ ਬੀਮਾਰ ਹੋ ਜਾਂਦਾ ਹੈ, ਉਥੇ ਕਈ ਪ੍ਰਕਾਰ ਦੇ ਲਾਭ ਮੌਜੂਦ ਹਨ ਜਿੰਨ੍ਹਾਂ ਵਿਚ :

- ਕਮਾਈ ਘਾਟਾ ਲਾਭ (ਘਰ ਲੈ ਕੇ ਜਾਣ ਵਾਲੀ ਤਨਖ਼ਾਹ ਦਾ 85% ਸਾਲਾਨਾ ਤੱਕ )
- ਕੰਮ ਦੀ ਜਗ੍ਹਾ ਤੇ ਲਗੀ ਸੱਟ ਨਾਲ ਮੇਲ ਖਾਂਦੇ ਸਿਹਤ ਸੰਭਾਲ ਖ਼ਰਚੇ
- ਜ਼ਲਦੀ ਅਤੇ ਸੁਰੱਖਿਅਤ ਕੰਮ ਤੇ ਵਾਪਸੀ ਵਿਚ ਮਦੱਦ
- ਹੋਰ ਲੋੜੀਂਦੇ ਲਾਭ

## WSIB ਲਾਭਾਂ ਦਾ ਹਿਸਾਬ ਕਿਸ ਤਰ੍ਹਾਂ ਲਗਾਉਂਦਾ ਹੈ ?

WSIB ਲਾਭਾਂ ਦਾ ਹਿਸਾਬ ਤੁਹਾਡੇ ਇਖਤਿਆਰੀ ਬੀਮੇ ਦੀ ਮਨਜ਼ੂਰਸ਼ੁਦਾ ਰਕਮ, ਜਾਂ ਤੁਹਾਡੀ ਹਾਲ ਵਿੱਚ ਹੀ ਭੇਜੀ ਕੈਨੇਡਾ ਰੈਵੇਨਿਓ ਏਜੰਸੀ (CRA) ਟੈਕਸ ਰਿਟਰਨ ਤੋਂ ਹਿਸਾਬੀ ਅਸਲ ਆਮਦਨ ਜਾਂ ਪੜਚੋਲੀ ਹੋਈ ਵਿੱਤ ਸਟੇਟਮੈਂਟ (ਆਡਿਟਿਡ ਫਾਈਨੈਂਸ਼ੀਅਲ ਸਟੇਟਮੈਂਟ) ਵਿਚੋਂ ਜਿਹੜੀ ਵੀ ਘੱਟ ਹੈਤੇ ਨਿਰਭਰ ਕਰਦਾ ਹੈ ।

ਮਿਸਾਲ ਵਜੋਂ, ਜੇ ਇਖਤਿਆਰੀ ਬੀਮੇ ਦੀ ਆਖਰੀ ਮਨਜ਼ੂਰਸ਼ੁਦਾ ਰਕਮ 40,000 ਡਾਲਰ ਹੈ ਪਰ ਸੱਟ ਲਗਣ ਦੇ ਸਮੇਂ ਹਿਸਾਬ ਲਗਾਉਣ ਤੇ ਸਹੀ ਆਮਦਨ 35,000 ਡਾਲਰ ਹੈ ਤਾਂ WSIB ਲਾਭਾਂ ਦੀ ਅਦਾਇਗੀ 35,000 ਡਾਲਰ ਦੇ ਆਧਾਰ ਤੇ ਹੀ ਕਰੇਗਾ। ਪਹਿਲੇ ਕਥਨ ਅਨੁਸਾਰ, ਜੋ ਵਿਅਕਤੀ ਇਕ ਸਾਲ ਤੋ ਘੱਟ ਸਮੇਂ ਤੋਂ ਵਿਉਪਾਰ ਵਿੱਚ ਹੈ ਦੇ ਲਾਭਾਂ ਦੀ ਰਕਮ ਸਲਾਨਾਂ ਅਧਿਕਤਮ ਕਵਰੇਜ਼ ਦੀ ਰਕਮ ਦੇ ਇਕ ਤਿਹਾਈ ਤੇ ਆਧਾਰਿਤ ਹੋਵੇਗੀ।

ਜੇਕਰ ਲਾਭਾਂ ਦਾ ਦਾਅਵਾ ਕਰ ਰਹੇ ਵਿਅਕਤੀ ਨੇ ਇਖਤਿਆਰੀ ਬੀਮੇ ਦੀਆਂ ਪੂਰੀਆਂ ਕਿਸ਼ਤਾਂ ਨਹੀਂ ਤਾਰੀਆਂ ਤਾਂ WSIB ਲ਼ਾਭਾਂ ਦੀ ਅਦਾਇਗੀ ਵਿਚੋਂ ਕੋਈ ਵੀ ਖੜ੍ਹੀ ਰਕਮ ਦੀ ਕਟੌਤੀ ਕਰ ਸਕਦਾ ਹੈ।

## ਲਾਭਾਂ ਲਈ ਅਰਜ਼ੀ ਦੇਣਾ

ਲਾਭਾਂ ਦੀ ਅਰਜ਼ੀ ਦੇਣ ਲਈ ਇਹ ਜ਼ਰੂਰੀ ਹੈ ਕਿ ਤੁਸੀਂ ਫਾਰਮ 7 (ਨਿਯੋਜਕ ਦੀ ਚੋਟ/ਬੀਮਾਰੀ ਦੀ ਰਿਪੋਰਟ) ਜਾਂ ਫਾਰਮ 6 (ਕਾਮੇਂ ਦੀ ਚੋਟ/ਬੀਮਾਰੀ ਦੀ ਰਿਪੋਰਟ) ਪੂਰਾ ਭਰੋ, ਦਸਤਖ਼ਤ ਕਰੋ ਅਤੇ ਜ਼ਮਾਂ ਕਰਵਾਓ। ਫਾਰਮ 6 ਉਪਰ ਤੁਹਾਡੇ ਦਸਤਖ਼ਤ ਇਸ ਗੱਲ ਦਾ ਸੰਕੇਤ ਹਨ ਕਿ ਤੁਸੀਂ ਲਾਭਾਂ ਲਈ ਦਾਅਵਾ ਕਰ ਰਹੇ ਹੋ ਅਤੇ ਕਾਰਜੀ ਯੋਗਤਾਵਾਂ ਦੀ ਜਾਣਕਾਰੀ ਰਿਲੀਜ਼ ਕਰਨ ਦੀ ਸਹਿਮਤੀ ਦੇ ਰਹੇ ਹੋ।

## ਬੀਮਾਂ ਕਵਰੇਜ਼ ਕਦ ਤੱਕ ਲਾਗੂ ਰਹਿੰਦੀ ਹੈ ?

ਇਖਤਿਆਰੀ ਬੀਮਾਂ ਉਦੋਂ ਤੱਕ ਪ੍ਰਭਾਵਿਤ ਰਹਿੰਦਾ ਹੈ ਜਦ ਤੱਕ ਤੁਸੀਂ ਇਸ ਨੂੰ ਬੰਦ ਕਰਨ ਦਾ ਫੈਸਲਾ ਨਹੀ ਕਰਦੇ, ਜਾਂ WSIB ਰਜਿਸਟਰਡ ਡਾਕ ਰਾਹੀਂ ਲਿਖਤੀ ਨੋਟਿਸ ਦੇ ਕੇ ਤੁਹਾਡੀ ਬੀਮਾਂ ਕਵਰੇਜ਼ ਖਤਮ ਨਹੀਂ ਕਰ ਦਿੰਦਾ। ਮਿਸਾਲ ਵਜੋਂ, ਜੇਕਰ ਮਾਲਕ ਭੁਗਤਾਨ ਵਿਚ ਕੋਤਾਹੀ ਕਰਦਾ ਹੈ ਤਾਂ WSIB ਵਸੂਲੀ ਦੀ ਵਿਧੀ ਦਾ ਹਿੱਸਾ ਬਣਾ ਇੰਝ ਕਰ ਸਕਦਾ ਹੈ।

## ਜੇਕਰ ਇਖ਼ਤਿਆਰੀ ਬੀਮਾ ਕਵਰੇਜ਼ ਦੀ ਹੋਰ ਲੋੜ ਨਾ ਹੋਵੇ ਤਾਂ ਕੀ?

ਕਵਰੇਜ਼ ਬੰਦ ਕਰਵਾਉਣ ਲਈ, ਤੁਸੀ WSIB ਦੇ ਆਪਣੇ ਸਥਾਨਕ ਦਫਤਰ ਨੂੰ ਲਿਖਤੀ ਤੋਰ ਤੇ ਜ਼ਰੂਰ ਸੂਚਿਤ ਕਰੋ।

## ਵਰਕਪਲੇਸ ਸੇਫਟੀ ਐਂਡ ਇੰਸ਼ੋਰੈਂਸ ਬੋਰਡ

ਉਨਟਾਰੀਓ ਦਾ ਵਰਕਪਲੇਸ ਸੇਫਟੀ ਐਂਡ ਇੰਸ਼ੋਰੈਂਸ ਬੋਰਡ (WSIB) ਪ੍ਰਾਂਤ ਦੀ ਪੇਸ਼ਾਵਰ ਸਿਹਤ ਅਤੇ ਸੁਰੱਖਿਆ ਪ੍ਰਣਾਲੀ ਵਿੱਚ ਇਕ ਅਹਿਮ ਕਿਰਦਾਰ ਨਿਭਾਉਂਦਾ ਹੈ। ਨਿਯੋਕਜਾਂ ਵੱਲੋਂ ਕੋਸ਼ਿਤ, WSIB ਉਤਰੀ ਅਮਰੀਕਾ ਵਿੱਚ ਚੋਟੀ ਦੇ 10 ਅਯੋਗਤਾ ਬੀਮਾਕਾਰਾਂ ਵਿਚੋਂ ਇਕ ਹੈ। ਬਚਾਉ ਦੇ ਸਖ਼ਤ ਫਰਮਾਨ ਦੇ ਨਾਲ-ਨਾਲ WSIB *ਵਰਕਪਲੇਸ ਸੇਫਟੀ ਐਂਡ ਇੰਸ਼ੋਰੈਂਸ ਐਕਟ* ਅਧੀਨ ਸ਼ਾਮਿਲ ਕੰਮ ਦੇ ਸਥਾਨਾਂ ਤੇ ਉਠਾਈਆਂ ਸੱਟਾਂ ਅਤੇ ਬੀਮਾਰੀਆਂ ਲਈ ਬੀਮਾ ਪ੍ਰਦਾਨ ਕਰਦਾ ਹੈ ਅਤੇ ਜ਼ਖਮੀ ਕਾਮਿਆਂ ਲਈ ਕੰਮ ਤੇ ਜਲਦ ਅਤੇ ਸੁਰੱਖਿਅਤ ਵਾਪਸੀ ਦਾ ਸਮਰਥਣ ਕਰਦਾ ਹੈ।

ਸਾਡੀ ਜਾਣਕਾਰੀ ਸੰਬੰਧੀ ਹਾਟ-ਲਾਈਨ ਕਾਲ ਕਰਨ ਤੇ ਇਹ ਜਾਣਕਾਰੀ ਕਈ ਭਾਸ਼ਾਵਾਂ ਵਿਚ ਉਪਲਬਧ ਹੈ।
**ਸੂਚਨਾ ਹਾਟ ਲਾਈਨ:**(416) 344-4999 **ਕਰ-ਰਹਿਤ:** 1-800-465-5606 **ਜਾਂ** **ਟੀ.ਟੀ.ਵਾਈ:**1-800-387-0050

 © WSIB Ontario